ਕੀਟਨਾਸ਼ਕਾਂ ਨਾਲ ਸੰਪਰਕ ਵਿੱਚ ਆਉਣਾ: ਕਾਮਿਆਂ ਦੇ ਅਧਿਕਾਰ

ਆਪਣੇ ਅਧਿਕਾਰ ਜਾਣੋ

- ਹੈਂਡਲਰਾਂ ਨੂੰ ਸਾਫ਼-ਸੁਥਰੇ ਅਤੇ ਸਹੀ ਫਿਟਿੰਗ ਵਾਲੇ ਨਿੱਜੀ ਸੁਰੱਖਿਆ ਉਪਕਰਨ (PPE) ਪਾਉਣ ਦਾ ਅਧਿਕਾਰ ਹੈ
- ਕਾਮਿਆਂ ਨੂੰ ਮੁਫ਼ਤ ਡਾਕਟਰੀ ਸਹੂਲਤ ਪ੍ਰਾਪਤ ਕਰਨ ਦਾ ਅਧਿਕਾਰ ਹੈ
- ਕਾਮਿਆਂ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਉਹ ਕਿਹੜੀਆਂ ਕੀਟਨਾਸ਼ਕ ਦਵਾਈਆਂ ਨਾਲ ਕੰਮ ਕਰ ਰਹੇ ਹਨ ਜਾਂ ਜਿਨ੍ਹਾਂ ਦੇ ਸੰਪਰਕ ਵਿੱਚ ਹਨ, ਅਤੇ ਉਨ੍ਹਾਂ ਨੂੰ ਅਜਿਹੀ ਭਾਸ਼ਾ ਅਤੇ ਢੰਗ ਨਾਲ ਸਿਖਲਾਈ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿਸਨੂੰ ਉਹ ਸਮਝ ਸਕਣ

ਤੁਹਾਨੂੰ ਅਸੁਰੱਖਿਅਤ ਕੀਟਨਾਸ਼ਕ ਕੰਮਕਾਜੀ ਹਾਲਾਤਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਸੰਬੰਧਿਤ ਸੰਭਾਵਿਤ ਉਲੰਘਣਾਵਾਂ ਦੀ ਰਿਪੋਰਟ ਆਪਣੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ (CAC) ਦੇ ਦਫ਼ਤਰ ਨੂੰ ਕਰਨ ਦਾ ਅਧਿਕਾਰ ਹੈ, ਅਤੇ ਇਸ ਕਾਰਨ ਤੁਹਾਨੂੰ ਸਜ਼ਾ ਦੇਣ ਜਾਂ ਨੌਕਰੀ ਤੋਂ ਕੱਢਣ ਦੀ ਮਨਾਹੀ ਹੈ।

ਤੁਹਾਡੇ ਰੁਜ਼ਗਾਰਦਾਤਾ ਦਾ ਇਹ ਕਰਨਾ ਜ਼ਰੂਰੀ ਹੈ

- ਤੁਹਾਨੂੰ ਤੁਰੰਤ ਡਾਕਟਰ ਕੋਲ ਲੈ ਕੇ ਜਾਣਾ (ਖੁਦ ਗੱਡੀ ਨਾ ਚਲਾਓ)
- ਡਾਕਟਰ ਦੀ ਫੀਸ ਅਦਾ ਕਰਨਾ
- ਤੁਹਾਨੂੰ ਦੱਸਣਾ ਕਿ ਸਿਖਲਾਈ ਦੇ ਰਿਕਾਰਡ, ਕੀਟਨਾਸ਼ਕਾਂ ਦੇ ਲੇਬਲ ਅਤੇ ਸੁਰੱਖਿਆ ਡੇਟਾ ਸ਼ੀਟਾਂ (SDS) ਕਿੱਥੇ ਮਿਲ ਸਕਦੇ ਹਨ
- ਆਪਣਾ ਇਲਾਜ ਕਰ ਰਹੇ ਡਾਕਟਰੀ ਸਟਾਫ਼ ਨੂੰ ਸੁਰੱਖਿਆ ਡੇਟਾ ਸ਼ੀਟ (SDS) ਦੇਣਾ
- ਡਾਕਟਰ ਦੀ ਸਥਿਤੀ ਪੋਸਟ ਕਰਨਾ
- ਮੈਡੀਕਲ ਸਟਾਫ਼ ਨੂੰ ਦੱਸਣਾ ਕਿ ਤੁਸੀਂ ਕਿਵੇਂ ਅਤੇ ਕਿਉਂ ਇਸ ਦੇ ਸੰਪਰਕ ਵਿੱਚ ਆਏ

dpr California Department of Pesticide Regulation

ਕੀਟਨਾਸ਼ਕਾਂ ਨਾਲ ਸੰਪਰਕ ਵਿੱਚ ਆਉਣਾ: ਕਾਮਿਆਂ ਦੇ ਅਧਿਕਾਰ

ਸਿਹਤ ਸੰਬੰਧੀ ਗੰਭੀਰ ਲੱਛਣ ਮਹਿਸੂਸ ਹੋ ਰਹੇ ਹਨ?

ਜੇਕਰ ਤੁਸੀਂ ਇਸ ਸਮੇਂ ਕੀਟਨਾਸ਼ਕ ਦੇ ਛਿੜਕਾਅ ਦੇ ਸੰਪਰਕ ਵਿੱਚ ਆ ਰਹੇ ਹੋ ਅਤੇ ਸਿਹਤ ਸੰਬੰਧੀ ਗੰਭੀਰ ਲੱਛਣ ਮਹਿਸੂਸ ਕਰ ਰਹੇ ਹੋ, ਤਾਂ ਤੁਰੰਤ 911 'ਤੇ ਕਾੱਲ ਕਰੋ।

ਮੁੱਢਲੀ ਸਹਾਇਤਾ ਬਾਰੇ ਮੁਫ਼ਤ ਜਾਣਕਾਰੀ ਲਈ, (ਪੁਆਇਜ਼ਨ ਕੰਟਰੋਲ (Poison Control) ਨੂੰ 800-222-1222 'ਤੇ ਕਰੋ

ਕੀਟਨਾਸ਼ਕ ਨਾਲ ਸਬੰਧਤ ਸਮੱਸਿਆ ਦੀ ਰਿਪੋਰਟ ਕਰੋ

ਕੰਮ 'ਤੇ ਕੀਟਨਾਸ਼ਕਾਂ ਦੇ ਅਸੁਰੱਖਿਅਤ ਸੰਪਰਕ ਦਾ ਸਾਹਮਣਾ ਹੋਇਆ ਹੈ? ਕੰਮ 'ਤੇ ਕੀਟਨਾਸ਼ਕ ਦੇ ਸੰਪਰਕ ਵਿੱਚ ਆਏ ਅਤੇ ਡਾਕਟਰ ਕੋਲ ਨਹੀਂ ਲਿਜਾਇਆ ਗਿਆ?

ਕੀਟਨਾਸ਼ਕ ਨਾਲ ਸਬੰਧਤ ਘਟਨਾ ਦੀ ਰਿਪੋਰਟ ਕਰਨ ਲਈ, ਸੰਪਰਕ ਕਰੋ:

- **ਕਾਊਂਟੀ ਖੇਤੀਬਾੜੀ ਕਮਿਸ਼ਨਰ**
  877-PESTLINE
  (877-378-5463)
  ਜਾਂ QR ਕੋਡ ਸਕੈਨ ਕਰੋ

dpr California Department of Pesticide Regulation